ਧੂਏਂ ਦੇ ਅਲਾਰਮ  ਬਹੁਤ ਜਾਨਾਂ ਬਚਾਉਂਦੇ ਹਨ!
ਆਪਣੇ ਘਰ ਦੀ ਹਰ ਮੰਜ਼ਲ ਤੇ ਇਕ ਅਲਾਰਮ ਲਗਾਉ
ਅਤੇ ਸਮੇਂ ਸਿਰ ਬੈਟਰੀਆਂ ਦੀ ਜਾਂਚ ਕਰਦੇ ਰਹੋ।

FIRE KILLS YOU CAN PREVENT IT

---

## ਜੇ ਅੱਗ ਲਗ ਜਾਵੇ ਤਾਂ...

## ਬਾਹਰ ਨਿਕਲੋ
## ਬਾਹਰ ਰਹੋ
## ਅਤੇ 999
ਨੰਬਰ ਤੇ ਫੋਨ ਕਰੋ

---

- ਆਪਣੇ ਆਪ ਨੂੰ ਅਤੇ ਆਪਣੇ ਘਰ ਨੂੰ ਬਚਾਉਣ ਦਾ ਸਭ ਤੋਂ ਵਧੀਆ ਤਰੀਕਾ ਹੈ ਧੂਏਂ ਦਾ ਅਲਾਰਮ ਖਰੀਦਣਾ। ਧੂਏਂ ਦੇ ਅਲਾਰਮਾਂ ਦੀ ਕੀਮਤ ਸਿਰਫ £5 ਤੋਂ ਸ਼ੁਰੂ ਹੁੰਦੀ ਹੈ ਅਤੇ ਇਹ ਤੁਹਾਨੂੰ ਸੁਪਰ ਮਾਰਕੀਟਾਂ ਵਿਚ ਅਤੇ ਹਾਈ-ਸਟ੍ਰੀਟ ਸਟੋਰਾਂ ਵਿਚ ਮਿਲ ਸਕਦੇ ਹਨ।



**!** ਯਾਦ ਰੱਖੋ – ਹਰ ਤੀਜੇ ਦਿਨ ਕੋਈ ਵਿਅਕਤੀ ਸਿਗਰਟ ਕਾਰਨ ਲਗੀ ਅੱਗ ਤੋਂ ਮਰਦਾ ਹੈ।




### ਸਮਾਰਟ ਬਣੋ!

ਜਾਣਕਾਰੀ ਜਿਹੜੀ ਤੁਹਾਡੀ ਜਾਨ ਬਚਾ ਸਕਦੀ ਹੈ।

### ਲੈਸ ਹੋ ਜਾਉ!

ਆਪਣੀ ਸੁਰੱਖਿਆ ਵਿਚ ਪੈਸਾ ਲਗਾਉ।

### ਬਾਹਰ ਨਿਕਲੋ!

ਵਿਉਂਤ ਬਣਾਉ। ਤਿਆਰ ਰਹੋ।

ਇਹ ਪੁਸਤਿਕਾ ਅੱਗ ਤੋਂ ਸੁਰੱਖਿਆ ਨਾਲ ਸਬੰਧਤ ਲੜੀ 'ਸਮਾਰਟ ਬਣੋ! ਲੈਸ ਹੋ ਜਾਉ! ਬਾਹਰ ਨਿਕਲੋ!' ਵਿਚੋਂ ਹੈ ਜਿਹੜੀ ਤੁਹਾਡੀ ਲੋਕਲ 'ਫਾਇਰ ਐਂਡ ਰੈਸਕੂ ਸਰਵਿਸ' ਕੋਲੋਂ ਮਿਲ ਸਕਦੀ ਹੈ। ਇਸ ਲੜੀ ਦੀਆਂ ਦੂਜੀਆਂ ਪੁਸਤਿਕਾਵਾਂ ਅੱਗ ਤੋਂ ਸੁਰੱਖਿਆ ਲਈ ਜੰਤਰਾਂ ਬਾਰੇ ਅਤੇ ਮਾਤਾ-ਪਿਤਾ ਅਤੇ ਬੱਚਿਆਂ ਲਈ ਅੱਗ ਤੋਂ ਸੁਰੱਖਿਆ ਬਾਰੇ ਮਸ਼ਵਰੇ, ਅਤੇ ਉਹਨਾਂ ਲੋਕਾਂ ਲਈ ਵਾਧੂ ਜਾਣਕਾਰੀ ਦੇਂਦੀਆਂ ਹਨ ਜਿਨ੍ਹਾਂ ਨੂੰ ਨਜ਼ਰ ਦੀ ਜਾਂ ਚਲਣ-ਫਿਰਨ ਦੀ ਤਕਲੀਫ ਹੋਵੇ।

Published by the Office of the Deputy Prime Minister.
©Crown copyright 2004. Printed in the UK, January 2004, on material containing 75% post-consumer waste and 25% ECF pulp (03DOCF01123)
Product code: Fire smoking 04pu

FIRE KILLS YOU CAN PREVENT IT

ਹੋਰ ਜਾਣਕਾਰੀ ਲਈ ਸਾਡੀ ਵੈਬਸਾਈਟ ਤੇ ਪਧਾਰੋ: www.firekills.gov.

Punjabi

# ਸਿਗਰਟ ਕਾਰਨ ਅੱਗਾਂ



FIRE KILLS YOU CAN PREVENT IT

ਆਪਣੇ ਘਰ ਨੂੰ ਅੱਗ ਤੋਂ ਬਚਾਉ।

# ਸਿਗਰਟ ਅਤੇ ਸੁਰੱਖਿਆ – ਜ਼ਰੁਰੀ ਗੱਲਾਂ

ਸਿਗਰਟਾਂ ਕਾਰਨ ਲਗੀ ਅੱਗ ਵਿਚ ਕਿਸੇ ਹੋਰ ਇਕ ਕਾਰਨ ਕਰਕੇ ਲਗੀ ਅੱਗ ਨਾਲ ਵੱਧ ਲੋਕ ਮਰਦੇ ਹਨ।
ਕਿਉਂਕਿ ਤਮਾਕੂ ਬਣਾਇਆ ਹੀ ਇੰਜ ਜਾਂਦਾ ਹੈ ਕਿ ਸੁਲਗਦਾ ਰਹੇ, ਸਿਗਰਟਾਂ ਕਾਰਨ ਅਚਨਚੇਤ ਅੱਗ ਲਗਣਾ ਮੁਸ਼ਕਲ ਨਹੀਂ ਹੈ।

---

ਆਪਣੇ ਘਰ ਅਤੇ ਪਰਵਾਰ ਨੂੰ ਅੱਗ ਤੋਂ ਸੁਰੱਖਿਅਤ ਰੱਖੋ।
ਆਪਣੇ ਵਿਵੇਕ ਦੀ ਵਰਤੋਂ ਕਰੋ – ਖਤਰਿਆਂ ਨੂੰ ਸਮਝੋ
ਅਤੇ ਜਦੋਂ ਅੱਗ ਨੂੰ ਬੁਝਾਉ ਤਾਂ ਪੱਕਾ ਕਰੋ
ਕਿ ਉਹ ਸਚਮੁਚ ਬੁੱਝ ਗਈ ਹੈ!

### ਅਸਲ ਜੀਵਨ – ਸਿਗਰਟ ਪੀਣ ਕਾਰਨ ਮੌਤ?



21 ਸਾਲ ਦਾ ਨਿੱਕ ਯੂਨੀਵਰਸਿਟੀ ਵਿਚ ਅੰਤਮ ਵਰ੍ਹੇ ਦੀ ਪੜ੍ਹਾਈ ਕਰ ਰਿਹਾ ਸੀ। ਕ੍ਰਿਸਮਸ 2001 ਤੋਂ ਥੋੜਾ ਪਹਿਲਾਂ ਉਹ ਰਾਤ ਬਾਹਰ ਬਿਤਾ ਕੇ ਜਦੋਂ ਘਰ ਆਇਆ ਤਾਂ ਸੋਫੇ ਤੇ ਲੇਟਦੇ ਹੀ ਸੌਂ ਗਿਆ ਅਤੇ ਉਸਨੂੰ ਪਤਾ ਹੀ ਨਹੀਂ ਚਲਿਆ ਕਿ ਸਿਗਰਟ ਦਾ ਇਕ ਟੋਟਾ ਹਾਲਾਂ ਵੀ ਬਲ਼ ਰਿਹਾ ਸੀ।
ਸੋਫੇ ਨੂੰ ਅੱਗ ਲਗ ਗਈ, ਧੂਆਂ ਕਮਰੇ ਵਿਚ ਭਰ ਗਿਆ। ਗਰਮੀ ਨਾਲ ਨਿੱਕ ਦੀ ਨੀਂਦਰ ਤਾਂ ਖੁੱਲ੍ਹੀ ਪਰ ਜ਼ਹਰੀਲੇ ਧੂਏਂ ਕਾਰਨ ਉਹ ਉੱਥੇ ਹੀ ਢੇਰੀ ਹੋ ਗਿਆ। ਉੱਥੇ ਧੂਏਂ ਲਈ ਅਲਾਰਮ ਨਹੀਂ ਲਗਿਆ ਹੋਇਆ ਸੀ ਅਤੇ ਅਗਲੇ ਦਿਨ ਸਵੇਰ ਤਕ ਕਿਸੇ ਨੇ ਵੀ ਰੌਲਾ ਨਹੀਂ ਪਾਇਆ।
ਅੱਗ ਬਹੁਤ ਛੋਟੀ ਸੀ ਪਰ 21 ਸਾਲ ਦੇ ਗਭਰੂ ਦੀ ਜਾਨ ਲੈਣ ਲਈ ਕਾਫੀ ਸੀ।

## ਸਿਗਰਟ ਅਤੇ ਸੁਰੱਖਿਆ

ਬੁਝਾਉ ਇਸ ਨੂੰ, ਚੰਗੀ ਤਰ੍ਹਾਂ!

ਸਿਗਰਟ ਜਦੋਂ ਵੀ ਬੁਝਾਉ, ਵੇਖ ਲਉ,
ਸਚਮੁਚ ਬੁਝ ਗਈ ਹੈ ਨਾ ਇਹ?!



---

- ਜੇ ਤੁਸੀਂ ਉਂਘਦੇ ਹੋਏ, ਡਾਕਟਰ ਦੀ ਦਵਾਈ ਲੈਂਦੇ ਹੋਏ ਜਾਂ ਸ਼ਰਾਬ ਪੀਣ ਦੇ ਬਾਅਦ ਸਿਗਰਟ ਪੀਉ ਤਾਂ ਹੋਰ ਵੀ ਜ਼ਿਆਦਾ ਸਾਵਧਾਨੀ ਵਰਤੋ। ਕੋਈ ਮੁਸ਼ਕਲ ਨਹੀਂ ਕਿ ਤੁਹਾਨੂੰ ਨੀਂਦਰ ਆ ਜਾਵੇ ਅਤੇ ਤੁਹਾਨੂੰ ਪਤਾ ਹੀ ਨਾ ਚਲੇ ਕਿ ਸਿਗਰਟ ਹਾਲਾਂ ਵੀ ਬੱਲ ਰਹੀ ਹੈ।

- ਜੇ ਤੁਸੀਂ ਸੌਣਾ ਹੈ ਤਾਂ ਸਿਗਰਟ ਨਾ ਜਲਾਉ। ਨੀਂਦਰ ਆ ਜਾਣ ਜਾਂ ਬਿਸਤਰੇ ਨੂੰ ਅੱਗ ਲਗਣ ਦੇ ਖਤਰੇ ਦੇ ਬਾਵਜੂਦ ਲੋਕੀ ਬਿਸਤਰੇ ਵਿਚ ਸਿਗਰਟ ਪੀਂਦੇ ਹਨ।

- ਬਹੁਤ ਵਾਰੀ ਲੋਕ ਸ਼ਰਾਬ ਦੇ ਨਾਲ ਸਿਗਰਟ ਪੀਂਦੇ ਹਨ। ਪਰ ਜੇ ਕਿਸੇ ਨੇ ਕੁਝ ਪੈਗ ਪੀਤੇ ਹੋਣ ਤਾਂ ਹੱਥ ਵਿਚ ਸਿਗਰਟ ਫੜੇ ਫੜੇ ਉਹ ਆਪਣੇ ਹੋਸ਼ ਗੁਆ ਸਕਦਾ ਹੈ। ਨਤੀਜਾ? ਸਾੜ, ਹਮੇਸ਼ਾ ਲਈ ਦਾਗ, ਇੱਥੋਂ ਤਕ ਕਿ ਮੌਤ ਵੀ।



---

ਜਿੰਨਾ ਤੁਸੀਂ ਸੋਚਦੇ ਹੋ ਇਹ ਉਸ ਨਾਲੋਂ ਜ਼ਿਆਦਾ ਗਰਮ ਹਨ–
ਸਿਗਰਟਾਂ 700 $^{\circ}$C ਤੋਂ ਵੱਧ ਦੇ ਤਾਪਮਾਨ ਤੇ ਬੱਲ ਸਕਦੀਆਂ ਹਨ।

- ਬਲ਼ਦੀ ਹੋਈ ਸਿਗਰਟ, ਸਿਗਾਰ ਜਾਂ ਪਾਈਪ ਨੂੰ ਐਂਵੇਂ ਹੀ ਛੱਡ ਕੇ ਨਾ ਜਾਉ। ਬਲ਼ਦੇ ਬਲ਼ਦੇ ਇਹ ਅਸਾਨੀ ਨਾਲ ਥੱਲੇ ਪਏ ਕਾਲੀਨ ਜਾਂ ਅਖ਼ਬਾਰ ਤੇ ਡਿੱਗ ਸਕਦੇ ਹਨ ਅਤੇ ਅੱਗ ਲਗ ਸਕਦੀ ਹੈ।



---

- ਲਾਈਟਰ ਅਤੇ ਮਾਚਸਾਂ ਨੂੰ ਬੱਚਿਆਂ ਦੀ ਪਹੁੰਚ ਤੋਂ ਦੂਰ ਰਖਣਾ ਆਪਣੀ ਜ਼ੁੰਮੇਵਾਰੀ ਸਮਝੋ।

- ਹਰ ਸਾਲ ਕਈ ਬੱਚੇ ਸਿਗਰਟ ਅਤੇ ਲਾਈਟਰ ਕਾਰਨ ਲਗੀ ਅੱਗ ਤੋਂ ਮਰਦੇ ਹਨ ਹਾਲਾਂਕਿ ਇਹੋ ਜਿਹੀਆਂ ਚੀਜ਼ਾਂ ਉਹਨਾਂ ਕੋਲ ਨਹੀਂ ਹੋਣੀਆਂ ਚਾਹੀਦੀਆਂ।



- ਬੱਚਿਆਂ ਕੋਲੋਂ ਨਾ ਬਲ਼ਣ ਵਾਲੇ ਲਾਈਟਰ ਅਤੇ ਮਾਚਸਾਂ ਖਰੀਦਣ ਬਾਰੇ ਸੋਚੋ।
  ਮਾਚਸਾਂ ਤੇ ਹੁਣ ਇਹ ਚੇਤਾਵਨੀ ਵਾਲਾ ਲੇਬਲ ਲਗਿਆ ਹੁੰਦਾ ਹੈ।




---

- ਚੰਗੀ ਐਸ਼-ਟ੍ਰੇ ਦੀ ਵਰਤੋਂ ਕਰੋ।ਐਸ਼-ਟ੍ਰੇ ਭਾਰੀ ਹੋਣੀ ਚਾਹੀਦੀ ਹੈ ਤਾਂਕਿ ਅਸਾਨੀ ਨਾਲ ਉਲਟੇ ਨਹੀਂ ਅਤੇ ਅਜੇਹੇ ਪਦਾਰਥ ਦੀ ਬਣੀ ਹੋਣੀ ਚਾਹੀਦੀ ਹੈ ਜਿਸ ਨੂੰ ਅੱਗ ਨਾ ਲਗ ਸਕੇ।

- ਆਪਣੀ ਸਿਗਰਟ ਦੀ ਸੁਆਹ ਕਦੇ ਰੱਦੀ ਕਾਗਜ਼ ਦੀ ਟੋਕਰੀ ਵਿਚ ਨਾ ਪਾਉ, ਹਮੇਸ਼ਾ ਐਸ਼-ਟ੍ਰੇ ਵਿਚ ਪਾਉ। ਪੱਕਾ ਕਰੋ ਕਿ ਉਹ ਅਸਾਨੀ ਨਾਲ ਉਲਟੇ ਨਹੀਂ। ਉਸ ਵਿਚ ਜ਼ਿਆਦਾ ਸੁਆਹ ਜਮ੍ਹਾ ਨਾ ਹੋਣ ਦਿਉ।